# ਸੁਰਗ
## ਕੁਲੁੱਸੀਆਂ 3:1-4

*''ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ''; ''ਅਸੀਂ ਜਾਣਦੇ ਹਾਂ ਭਈ ਜੇ ਸਾਡੇ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇ ਤਾਂ ਪਰਮੇਸ਼ੁਰ ਤੋਂ ਇਕ ਘਰ ਸਾਨੂੰ ਮਿਲੇਗਾ ਜੋ ਬਿਨਾਂ ਹੱਥ ਲਾਏ ਅਟੱਲ ਅਤੇ ਸੁਰਗ ਵਿਚ ਬਣਿਆ ਹੈ'' (2 ਕੁਰਿੰਥੀਆਂ 4:18; 5:1)।*

ਸੁਰਗ! ਮੇਰੇ ਲਈ ਸਭ ਤੋਂ ਸ਼ਾਨਦਾਰ ਅਤੇ ਨਾ ਮੰਨਣ ਵਾਲੀ ਸੱਚਾਈ ਇਹ ਹੈ ਕਿ ਖ਼ੁਦਾ ਚਾਹੁੰਦਾ ਹੈ ਕਿ ਚਾਰਲਸ ਹੌਜ (ਤੁਸੀਂ ਵੀ) ਸੁਰਗ ਵਿਚ ਜਾਓ! ਖ਼ੁਦਾ ਨਹੀਂ ਚਾਹੁੰਦਾ, ''ਕਿਸੇ ਦਾ ਨਾਸ ਹੋਏ ਸਗੋਂ ਸੱਭੋ ਤੌਬਾ ਵੱਲ ਮੁੜਨ'' (2 ਪਤਰਸ 3:9); ''ਜੋ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸੱਚ ਦੇ ਗਿਆਨ ਤੀਕ ਪਹੁੰਚਣ'' (1 ਤਿਮੋਥਿਉਸ 2:4)। *ਕਿਉਂ ਭਲਾ?* ਅਸੀਂ ਸੁਰਗ ਦੇ ਲੋਕ ਨਹੀਂ ਹਾਂ ਅਤੇ ਨਾ ਇਸ ਦੇ ਹੱਕਦਾਰ ਹਾਂ। ਕੋਈ ਵੀ ਮਨੁੱਖ ਅਜਿਹਾ ਨਹੀਂ ਹੈ ਜਿਹੜਾ ਖ਼ੁਦਾ ਨੂੰ ਵੇਖੇ ਅਤੇ ਜ਼ਿੰਦਾ ਰਹਿ ਸਕੇ। ਤਾਂ ਵੀ ਮਸੀਹ ਵਿਚ-ਮਸੀਹ ਦੇ ਕਾਰਨ-ਅਸੀਂ ਖ਼ੁਦਾ ਦੀ ਹਜ਼ੂਰੀ ਵਿਚ ਉਸ ਦੇ ਸਾਹਮਣੇ ਹੋਵਾਂਗੇ! ਦਾਊਦ ਵਾਂਗ, ਮੈਨੂੰ ਆਪਣੇ ਲਈ ਇਹ ਗਿਆਨ ਬੜਾ ਅਨੋਖਾ ਲਗਦਾ ਹੈ (ਜ਼ਬੂਰ 139:6)। ਅਸੀਂ ਖ਼ੁਦਾ ਨਹੀਂ ਬਣ ਜਾਵਾਂਗੇ, ਪਰ ਖ਼ੁਦਾ ਵੱਲੋਂ ਸਾਡਾ ਸੁਆਗਤ ਕੀਤਾ ਜਾਵੇਗਾ। ਸਾਡੇ ਸੀਮਤ ਮਨ ਇਸ ਨੂੰ ਸਮਝ ਨਹੀਂ ਸਕਦੇ ਅਤੇ ਸਾਡੀ ਸ਼ਬਦਾਵਲੀ ਨਾਲ ਇਸ ਨੂੰ ਸਮਝਾਇਆ ਨਹੀਂ ਜਾ ਸਕਦਾ। ਇਹ ਗੱਲ ਰੋਮਾਂਚਭਰੀ ... ਹਲੀਮ ਬਣਾਉਣ ਵਾਲੀ ਹੈ। *ਕਿੰਨੀ ਅਨੋਖੀ ਕਿਰਪਾ ਹੈ! ਵਡਿਆਈ ਸਿਰਫ਼ ਖ਼ੁਦਾ ਨੂੰ ਮਿਲੇ!*

### ਸਾਨੂੰ ਸੁਰਗ ਵਿਚ ਜਾਣ ਦੀ ਇੱਛਾ ਕਰਨੀ ਚਾਹੀਦੀ ਹੈ

ਖ਼ੁਦਾ ਨਾਲ ਸਾਡਾ ਰੋਜ਼ ਦਾ ਚੱਲਣਾ ਸੁਰਗ ਵਿਚ ਹੀ ਰੁਕ ਸਕਦਾ ਹੈ! ਬਾਅਦ ਦੀ ਜ਼ਿੰਦਗੀ ਬਾਅਦ ਵਿਚ ਕੀਤਾ ਜਾਣ ਵਾਲਾ ਵਿਚਾਰ ਨਹੀਂ ਬਣ ਸਕਦਾ। ਸੁਰਗ ਅਸੀਂ ਕੋਈ ਅਚਾਨਕ ਨਹੀਂ ਪਹੁੰਚ ਜਾਵਾਂਗੇ। ਕਿਸੇ ਨੇ ਮਜ਼ਾਕ ਵਿਚ ਕਿਹਾ ਸੀ, ''ਸੁਰਗ ਵਿਚ ਜਾਣਾ ਤਾਂ ਹਰ ਕੋਈ ਚਾਹੁੰਦਾ ਹੈ, ਪਰ ਮਰਨਾ ਕੋਈ ਨਹੀਂ ਚਾਹੁੰਦਾ।'' ਇਸ ਕਰਕੇ ਸਾਡਾ ਵਾਕ ਇਸ ਨਾਲੋਂ ਸੁਧਰਿਆ ਹੋਣਾ ਚਾਹੀਦਾ ਹੈ: ''ਦੁਨੀਆਂ ਦੀ ਕਿਸੇ ਵੀ ਹੋਰ ਗੱਲ ਨਾਲੋਂ ਜ਼ਰੂਰੀ ਸੁਰਗ ਵਿਚ ਜਾਣ ਦੀ ਇੱਛਾ ਕਰਨਾ ਹੈ।'' ਇਹ ਇਕ ਮੁਸ਼ਕਿਲ ਚੁਣੌਤੀ ਹੈ! ਮੁੱਢਲੀ ਕਲੀਸੀਆ ਨੂੰ ਤਾਂ ਸੁਰਗ ਨਾਲ ਭਰ ਦਿੱਤਾ ਗਿਆ ਸੀ, ਪਰ ਅੱਜ ਦੀਆਂ ਸਿੱਖਿਆਵਾਂ ਵਿਚ ਸੁਰਗ ਸਭ ਤੋਂ ਵੱਧ ਨਜ਼ਰਅੰਦਾਜ਼ ਹੈ।

ਸੁਰਗ ਦੀ ਸਾਡੀ ਧਾਰਣਾ ਅਤੇ ਸਾਡੇ ਰੋਜ਼ ਦੇ ਚੱਲਣ ਵਿਚ ਦੋਹਾਂ ਵਿਚ ਸੰਵੇਦਨਸ਼ੀਲ ਗੱਲ ਹੈ। ਟਾਈਮ ਮੈਗਜ਼ੀਨ ਦੇ ਇਕ ਅੰਕ ਵਿਚ ਇਹ ਪੁੱਛਦਿਆਂ ਕਿ ''ਸੁਰਗ ਨੂੰ ਕੀ ਹੋਇਆ?'' ਵਿਸਤਾਰ ਸਹਿਤ ਇਕ ਲੇਖ ਅਤੇ ਮੁੱਖ ਪੰਨੇ ਦੋਹਾਂ ਉੱਤੇ ਇਸ ਵਿਸ਼ੇ ਵੱਲ ਧਿਆਨ ਦਿੱਤਾ ਗਿਆ ਹੈ।[2] ਧਰਮ ''ਚੱਲ ਰਿਹਾ'' ਹੈ! ਰੂਹਾਨੀਅਤ ਚਲਨ ਵਿਚ ਹੈ। ਪਰ ਸੁਰਗ ਦੀ ਕੋਈ ਗੱਲ ਨਹੀਂ ਕਰ ਰਿਹਾ। ਅਸੀਂ ਖੇਡਾਂ, ਮੌਸਮ ਅਤੇ ਸ਼ੇਅਰ ਬਜ਼ਾਰ ਦੀ ਗੱਲ ਕਰ ਰਹੇ ਹਾਂ, ਪਰ ਸੁਰਗ ਦੀ ਨਹੀਂ। ''ਫ਼ਰਿਸ਼ਤਿਆਂ ਦੀਆਂ ਗੱਲਾਂ ਹੁੰਦੀਆਂ'' ਹਨ। ਇਬਰਾਨੀ ਭਾਸ਼ਾ ਵਿਚ ''ਫ਼ਰਿਸ਼ਤਾ'' ਲਈ ਸ਼ਬਦ ਦਾ ਅਰਥ ''ਹਰਕਾਰਾ'' ਹੈ। ਅਸੀਂ ਉਸ ਖ਼ੁਦਾ ਵਿਚ ਜਿਸ ਨੇ ਉਨ੍ਹਾਂ ਨੂੰ ਭੇਜਿਆ, ਡੂੰਘੀ ਦਿਲਚਸਪੀ ਲਏ ਬਗ਼ੈਰ ਫ਼ਰਿਸ਼ਤਿਆਂ ਨੂੰ

ਆਪਣੇ ਆਪ ਵਿਚ ਕਿਵੇਂ ਜੋੜ ਸਕਦੇ ਹਾਂ? *ਟਾਈਮ* ਨੇ ਸਾਡੇ ਉੱਤੇ ਕਪਟ ਦਾ ਇਲਜ਼ਾਮ ਲਾਇਆ।

ਧਰਮ ਨਾਲ ਸਾਡਾ ਲਗਾਅ ਵਚਨ ਅਤੇ ਸਚਿਆਈ ਦੀ ਥਾਂ ਆਪਣੀ ਅਗਿਆਨਤਾ ਅਤੇ ਅੰਧਵਿਸ਼ਵਾਸ ਦੇ ਅਧਾਰ ਤੇ ਹੈ। ਲੋਕ ਆਪਣੇ ਮੋਢਿਆਂ ਤੇ ''ਸਰਪ੍ਰਸਤ ਫ਼ਰਿਸ਼ਤੇ'' ਰੱਖਦੇ ਹਨ ਅਤੇ ਆਪਣੀਆਂ ਕਲਾਈਆਂ ਉੱਤੇ ''ਦੁਆ ਵਾਲੇ ਕੰਗਣ'' ਪਾਉਂਦੇ ਹਨ, ਫਿਰ ਵੀ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਕੋਈ ਬਦਲਾਅ ਨਹੀਂ ਆਉਂਦਾ। ਲੋਕ ਦਿਲੋਂ ਵਿਸ਼ਵਾਸ ਰੱਖਣ ਦੀ ਥਾਂਅ ਰਹੱਸਵਾਦ ਨੂੰ ਪਸੰਦ ਕਰਦੇ ਹਨ। *ਟਾਈਮ* ਵਿਚ ਦਿੱਤੀਆਂ ਗੱਲਾਂ ਵੱਲ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ! ਸਭ ਤੋਂ ਵਫ਼ਾਦਾਰ ਮਸੀਹੀ ਲੋਕਾਂ ਨੂੰ ਬਿਨਾਂ ਸੁਰਗ ਦਾ ਨਾਂਅ ਲਏ ਲੋਕਾਂ ਨਾਲ ਮਿਲਣਾ ਅਤੇ ਸੰਗਤੀ ਦਾ ਅਨੰਦ ਮਿਲਦਾ ਹੈ। ਆਓ ਉਸ ਦਾ ਸਾਹਮਣਾ ਕਰੀਏ ਕਿ ਅਸੀਂ ਧਰਤੀ ਉੱਤੇ ਕੁਝ ਬਹੁਤਾ ਹੀ ਇਨਵੈਸਟ ਕਰ ਲਿਆ ਹੈ। ਸਾਡੇ ਕੋਲ ਐਨਾ ਵੱਧ ਹੈ ਕਿ ਅਸੀਂ *ਉਹਦੇ ਨਾਲ* ਜੀ ਨਹੀਂ ਸਕਦੇ ਅਤੇ ਐਨਾ ਘੱਟ ਹੈ ਕਿ *ਉਸ ਲਈ* ਜੀਣਾ ਜ਼ਰੂਰੀ ਹੈ। ਸਾਡੀ ਹਰ ਇੱਛਾ ਇੱਥੇ ਹੀ ਪੂਰੀ ਹੋ ਜਾਂਦੀ ਹੈ ਤਾਂ ਉਸ ਨੂੰ ਛੱਡਣਾ ਔਖਾ ਹੈ।

ਸੁਰਗ ਤੇ ਬੜੇ ਘੱਟ ਗੀਤ ਲਿਖੇ ਗਏ ਹਨ, ਪਰ ਜਿੰਨੇ ਵੀ ਹਨ ਉਹ ਜਜ਼ਬਾਤ ਨਾਲ ਭਰੇ ਹੀ ਹਨ। ਸਿਰਫ਼ ਗਰੀਬ ਅਤੇ ਛੇਕੇ ਹੋਏ ਲੋਕ ਹੀ ਸੁਰਗ ਉੱਤੇ ਗੀਤ ਲਿਖਦੇ ਅਤੇ ਗਾਉਂਦੇ ਹਨ। ਕਾਮਯਾਬ ਲੋਕਾਂ ਨੂੰ ਤਾਂ ਲਗਦਾ ਹੈ ਕਿ ਉਨ੍ਹਾਂ ਨੇ ਧਰਤੀ ਉੱਤੇ ਹੀ ''ਸੁਰਗ ਬਣਾ ਲਿਆ'' ਹੈ। ਜਦ ਮੈਂ ਛੋਟਾ ਸਾਂ ਤਾਂ ਮੈਂ ਇਕ ਗੱਲ ਪੜ੍ਹੀ ਸੀ ਜਿਹੜੀ ਬਾਅਦ ਵਿਚ ਮੇਰੇ ਦਿਲ ਨੂੰ ਲੱਗੀ ਸੀ, ਕਿ ''ਰੋਜ਼ ਸੁਰਗ ਤੇ ਤੀਹ ਮਿੰਟ ਵਿਚਾਰ ਕਰੋ।'' ਜਦ ਜਵਾਨ ਸਾਂ ਤਾਂ ਮੈਂ ਇਸ ਨੂੰ ਸਮਝ ਨਹੀਂ ਸਕਿਆ; ਹੁਣ ਜਿਵੇਂ ਜਿਵੇਂ ਬੁੱਢਾ ਹੋ ਰਿਹਾ ਹਾਂ ਤਿਵੇਂ ਤਿਵੇਂ ਉਹਦਾ ਮਤਲਬ ਹੋਰ ਸਮਝ ਵਿਚ ਆਉਂਦਾ ਹੈ। ''ਆਪਣੇ ਤੰਬੂ ਦੀਆਂ ਮੇਖਾਂ ਐਨੀਆਂ ਡੂੰਘੀਆਂ ਨਾ ਗੱਡੋ।'' ਮੁੱਢਲੀ ਕਲੀਸੀਆ ''ਮਾਰਾ ਨਾਥਾ!'' (ਭਾਵ ''ਹੇ ਪ੍ਰਭੂ ਯਿਸੂ ਮਸੀਹ ਆ!'') ਪੁਕਾਰਦੀ ਅਤੇ ਦੁਆ ਕਰਦੀ ਹੋਈ ਇਕੱਠੀ ਹੁੰਦੀ ਸੀ। ਨਵੇਂ ਨੇਮ ਦੇ ਅਖ਼ੀਰ ਵਿਚ ''ਹੇ ਪ੍ਰਭੂ ਯਿਸੂ ਆਓ'' ਹੈ (ਪ੍ਰਕਾਸ਼ ਦੀ ਪੋਥੀ 22:20)। ਜਿੱਥੇ ਭਵਿੱਖ ਲਈ ਕੋਈ ਆਸ ਨਹੀਂ ਹੈ ਉੱਥੇ ਵਰਤਮਾਨ ਲਈ ਕੋਈ ਤਾਕਤ ਨਹੀਂ ਹੋਵੇਗੀ। ਦਿੱਕਤ ਸੁਰਗ ਵਿਚ ਵੜਨ ਦੀ ਨਹੀਂ ਬਲਕਿ ਸੁਰਗ ਦੇ ਸਾਡੇ ਅੰਦਰ ਆਉਣ ਦੀ ਹੈ।

## ਮੈਂ ਸੁਰਗ ਵਿਚ ਜਾਣਾ ਚਾਹੁੰਦਾ ਹਾਂ– ਕਿਉਂਕਿ ਮੈਂ ਨਰਕ ਵਿਚ ਨਹੀਂ ਜਾਣਾ ਚਾਹੁੰਦਾ

ਤਿੰਨ ਆਖ਼ਰੀ ਸ਼ਬਦ ''ਨਰਕ'' ਸੁਣਦਿਆਂ ਹੀ ਲੋਕਾਂ ਦੇ ਸਾਹ ਉੱਡ ਜਾਂਦੇ ਹਨ। ਸਾਡੇ ਸਮਾਜ ਵਿਚ ਇਹ ਛੇਕਿਆ ਹੋਇਆ ਸ਼ਬਦ ਹੈ, ਜਿਸ ਨੂੰ ਸਭ ''ਨਾਂਹ ਨਾਂਹ'' ਆਖਦੇ ਹਨ। ਹਾਂ ਅੱਜ ਵੀ ਸਰਾਪ ਦਾ ਸ਼ਬਦ ਹੈ ਪਰ ਸਾਡੇ ਆਧੁਨਿਕ ਸਮਾਜ ਲਈ ਅਸਲੀ ਨਰਕ ਦਾ ਵਿਚਾਰ ਬੜਾ ਪੁਰਾਣਾ ਹੋ ਚੁੱਕਿਆ ਹੈ। ਕਹਿਰ, ਨਿਆਂ ਅਤੇ ਜ਼ਿੰਮੇਵਾਰੀ ਦੀਆਂ ਗੱਲਾਂ ''ਪੁਰਾਣੀਆਂ'' ਲਗਦੀਆਂ ਹਨ। ''ਸਖ਼ਤ ਕਲਾਮ'' ''ਗੁਜ਼ਰੇ ਜ਼ਮਾਨੇ'' ਦੀ ਗੱਲ ਹੋ ਗਈ ਹੈ। ਪਰ ਸੁਰਗ ਅਤੇ ਨਰਕ ਤਾਂ ਇੱਕਠੇ ਹੀ ਖਲੋਂਦੇ ਅਤੇ ਡਿੱਗਦੇ ਹਨ ਕਿਉਂਕਿ ਇਕ ਦੂਜੇ ਦੀ ਮੰਗ ਕਰਦਾ ਹੀ ਕਰਦਾ ਹੈ। ਲੋਕ ਜੋ ਵੀ ਕਹਿਣ, ਪਰ ਬਾਈਬਲ ਤਾਂ ''ਨਰਕ'' ਦੀ ਗੱਲ ਕਰਦੀ ਹੈ। ਲੋਕ ਨਰਕ ਦੀ ਗੱਲ ਸੁਣਨਾ ਨਹੀਂ ਚਾਹੁੰਦੇ ਅਤੇ ਸੁਰਗ ਦੀਆਂ ਗੱਲਾਂ ਬਹੁਤ ਘੱਟ ਹਨ ਤਾਂ ਵੀ 582 ਹਵਾਲਿਆਂ ਵਿੱਚੋਂ 550 ਆਇਤਾਂ ਸੁਰਗ ਬਾਰੇ ਹੀ ਹਨ (KJV)। ਭਾਵੇਂ ਮਸੀਹੀ ਲੋਕਾਂ ਦੀ ਗੱਲ ਹੀ ਹੋਵੇ, ਸੁਰਗ ਵਿਚ ਦਿਲਚਸਪੀ ਘੱਟ ਹੋਣ ਦਾ ਕੀ ਕਾਰਣ ਹੈ? ਭਲਾ ਇਸ ਦਾ ਕਾਰਣ ਧਰਤੀ ਉੱਤੇ ਜ਼ਿੰਦਗੀ ਐਨੀ ਵਧੀਆ ਹੋਣਾ ਹੈ?

''ਨਰਕ'' ਤਾਂ ਵਚਨ ਵਿਚ ਉਵੇਂ ਹੀ ਹੈ। ਕੀ ਤੁਸੀਂ ਯਿਸੂ ਦੇ ਵਿਸ਼ਵਾਸ ਅਤੇ ਉਹਦੀ ਸਿੱਖਿਆ ਦਾ ਇਨਕਾਰ ਕਰਕੇ ਉਸ ਵਿਚ ਵਿਸ਼ਵਾਸ ਲਿਆ ਸਕਦੇ ਹੋ? ਯਿਸੂ ਨਰਕ ਵਿਚ ਵਿਸ਼ਵਾਸ ਰੱਖਦਾ

ਸੀ; ਉਹ ਬਾਈਬਲ ਦੇ ਸਭ ਲੇਖਕਾਂ ਨਾਲੋਂ ਵੱਧ ਨਰਕ ਦੀਆਂ ਗੱਲਾਂ ਦੱਸਦਾ ਸੀ। KJV ਨਰਕ ਲਈ ''hell'' ਦੀਆਂ ਕਈ ਵਰਤੋਂ ਮਿਲਦੀਆਂ ਹਨ ਜਿਨ੍ਹਾਂ ਦਾ ਅਰਥ ''ਮੌਤ'' ਅਤੇ ''ਪਤਾਲ'' ਅਤੇ ''ਪਤਾਲ-ਲੋਕ'' ਹੈ। ਪਰ ''ਨਰਕ ਦੀ ਅੱਗ'' ਲਈ ਖ਼ਾਸ ਸ਼ਬਦ ਨਵੇਂ ਨੇਮ ਵਿਚ ਬਾਰਾਂ ਵਾਰ ਮਿਲਦਾ ਹੈ। ਯਿਸੂ ਨੇ ਇਸ ਸ਼ਬਦ ਦੀ ਬਾਰਾਂ ਵਿੱਚੋਂ ਗਿਆਰਾਂ ਵਾਰ ਵਰਤੋਂ ਕੀਤੀ! (ਪੜ੍ਹੋ ਮੱਤੀ 5:22; 10:28; 18:9; 23:33.) ਨਰਕ ਇਕ ਗੰਭੀਰ ਗੱਲ ਹੈ ਕਿਉਂਕਿ ਤੁਸੀਂ ਵੀ ਨਰਕ ਵਿਚ ਜਾ ਸਕਦੇ ਹੋ ਅਤੇ ਮੈਂ ਵੀ ਜਾ ਸਕਦਾ ਹਾਂ।

ਆਧੁਨਿਕ ਸਮਾਜ ਨੂੰ ਸਰਵ-ਮੁਕਤੀਵਾਦ (ਇਹ ਵਿਚਾਰ ਕਿ ਸਭ ਬਚਾਏ ਜਾਣਗੇ) ਨੇ ਨਿਗਲ ਲਿਆ ਹੈ। ਸਰਵ-ਮੁਕਤੀਵਾਦ ਦਾ ਐਲਾਨ ਹੈ, ''ਖ਼ੁਦਾ ਐਨਾ ਭਲਾ ਹੈ ਕਿ ਉਹ ਤੁਹਾਨੂੰ ਨਰਕ ਵਿਚ ਨਹੀਂ ਭੇਜੇਗਾ। ਤੁਸੀਂ ਐਨੇ ਭਲੇ ਹੋ ਕਿ ਤੁਸੀਂ ਨਰਕ ਵਿਚ ਨਹੀਂ ਜਾਓਗੇ।'' ਇਹ ਗੱਲ ਝੂਠੀ ਅਤੇ ਖ਼ੁਦਾ ਦੀ ਨਿੰਦਿਆ ਕਰਨ ਵਾਲੀ ਹੈ। ''ਐਨੀ ਭਲਿਆਈ'' ਤਾਂ ਕਦੇ ਕਿਸੇ ਵਿਚ ਨਹੀਂ ਹੈ। ਮੈਂ ਕਬਰ ਦੇ ਇਸ ਪਾਸੇ ਵੱਲ ਦੀ ਜ਼ਿੰਦਗੀ ਦਾ 99.999999999 ... ਫ਼ੀਸਦੀ ਦੱਸ ਦਿੱਤਾ ਹੈ, ਇਸ ਕਰਕੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਮਰਨ ਦੇ ਬਾਅਦ ਕਿੱਥੇ ਜਾਵਾਂਗਾ! ਜਿੰਮ ਇਲੀਅਟ ਨੇ ਖ਼ੂਬ ਕਿਹਾ ਹੈ, ''ਜਿਹੜਾ ਬੰਦਾ ਉਸ ਨੂੰ ਪਾਉਣ ਲਈ, ਜਿਸ ਨੂੰ ਉਹ ਗੁਆ ਨਹੀਂ ਸਕਦਾ, ਰੱਖ ਨਹੀਂ ਸਕਦਾ, ਉਹ ਮੂਰਖ ਨਹੀਂ।''[3] ਸੁਰਗ ਦੀ ਖਾਤਰ, ਤੁਸੀਂ ਧਰਤੀ ਉੱਤੇ ਕੀ ਕਰ ਰਹੇ ਹੋ? ਮੈਂ ਸੁਰਗ ਵਿਚ ਜਾਣਾ ਚਾਹੁੰਦਾ ਹਾਂ, ਕਿਉਂਕਿ ਮੈਂ ਨਰਕ ਵਿਚ ਨਹੀਂ ਜਾਣਾ ਚਾਹੁੰਦਾ!

## ਬਿਨਾਂ ਸੁਰਗ ਦੇ ਧਰਤੀ ਦਾ ਕੋਈ ਮਤਲਬ ਨਹੀਂ ਹੈ

ਇਸਤੀਫ਼ਾਨ ਸਾਨੂੰ ਆਪਣੀ ਮਸੀਹੀ ਪਕਿਆਈ ਨਾਲ ਦਲੇਰ ਕਰਦਾ ਹੈ। ਇਸ ਪਹਿਲੇ ਮਸੀਹੀ ਸ਼ਹੀਦ ਨੇ ਆਪਣੇ ਦੁਸ਼ਮਣਾਂ ਨੂੰ ਉਵੇਂ ਹੀ ਮਾਫ਼ ਕਰ ਦਿੱਤਾ ਸੀ ਜਿਵੇਂ ਮਸੀਹ ਨੇ ਕੀਤਾ ਸੀ (ਰਸੂਲਾਂ ਦੇ ਕੰਮ 7:60)। ਕਿੰਨਾ ਵੱਡਾ ਵਿਸ਼ਵਾਸ ਹੈ! ਕਿੰਨੀ ਵੱਡੀ ਦਲੇਰੀ ਹੈ। ਉਸ ਨੇ ਅਜਿਹਾ ਕਿਉਂ ਕੀਤਾ? ''ਪਰ ਉਹਨੇ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਅਕਾਸ਼ ਦੀ ਵੱਲ ਨਜ਼ਰ ਲਾਈ ਹੋਈ ਪਰਮੇਸ਼ੁਰ ਦਾ ਤੇਜ ਅਤੇ ਯਿਸੂ ਨੂੰ ਪਰਮੇਸ਼ੁਰ ਦੇ ਸੱਜੇ ਹੱਥ ਖੜ੍ਹਾ ਵੇਖਿਆ'' (ਰਸੂਲਾਂ ਦੇ ਕੰਮ 7:55)। ਧਰਤੀ ਦੇ ਸਾਡੇ ਨਜ਼ਰੀਏ ਤਾਂ ਹੀ ਸਹੀ ਹੋ ਸਕਦੇ ਹਨ ਜਦ ਸੁਰਗ ਸਾਡੇ ਦਿਲਾਂ ਦੇ ਅੰਦਰ ਹੋਵੇ। ਜੇ ਅਸੀਂ ਸੁਰਗ ਤੇ ਦਸ ਸਕਿੰਟ ਵੀ ਝਾਤ ਪਾ ਲਈਏ ਤਾਂ ਧਰਤੀ ਉੱਤੇ ਕੋਈ ਮੁਸ਼ਕਿਲ ਨਹੀਂ ਹੋਵੇਗੀ (2 ਕੁਰਿੰਥੀਆਂ 4:16-18)।

ਮੈਂ ਕਿਸੇ ਲਈ ਕਹੀ ਗਈ ਇਹ ਗੱਲ ਸੁਣੀ ਸੀ ਕਿ ਉਹ ''ਐਨਾਂ ਸੁਰਗੀ ਬੁੱਧ ਦਾ ਹੈ ਕਿ ਧਰਤੀ ਦੇ ਕਿਸੇ ਕੰਮ ਦਾ ਨਹੀਂ।'' ਬਚਕਾਨਾ ਆਦਰਸ਼ਵਾਦ ਜਾਂ ਬੇਵਕੂਫ਼ੀ ਨਾਲ ਸੁਰਗੀ ਮਨ ਲਾਉਣ ਨੂੰ ਨਾ ਉਲਝਾਓ। ਤੁਸੀਂ ਐਨੇ ਵੱਧ ਸੁਰਗੀ ਸੋਚ ਦੇ ਨਹੀਂ ਹੋ ਸਕਦੇ। ਸੁਰਗੀ ਸੋਚ ਦਾ ਹੋਣਾ ਧਰਤੀ ਉੱਤੇ ਸਭ ਤੋਂ ਵਿਹਾਰਕ ਗੱਲ ਹੈ। ਦੁਨਿਆਵੀ ਮਸੀਹੀ ਲੋਕਾਂ ਵਿਚ, ਇਹ ਕਿਹਾ ਜਾ ਸਕਦਾ ਹੋਵੇਗਾ, ''ਉਹ ਐਨਾ ਦੁਨਿਆਵੀ ਸੋਚ ਦਾ ਹੈ ਕਿ ਸੁਰਗ ਦੇ ਕਿਸੇ ਕੰਮ ਦਾ ਨਹੀਂ।'' ਯਿਸੂ ਸੁਰਗੀ ਸੋਚ ਵਾਲਾ ਆਦਮੀ ਸੀ। ਇਸਤੀਫ਼ਾਨ ਨੇ ਧਰਤੀ ਤੋਂ ਛੁਟਕਾਰੇ ਲਈ ਸੁਰਗ ਵੱਲ ਨੂੰ ਵੇਖਿਆ। ਪੌਲੁਸ ਨੇ ਆਪਣੇ ਸਾਰੇ ਮਾਲ ਅਸਬਾਬ ਨੂੰ ਕੂੜਾ ਮੰਨਿਆ (ਫ਼ਿਲਿੱਪੀਆਂ 3:7, 8)।

ਆਪਣੀ ਮੌਤ ਤੋਂ ਕਈ ਸਾਲ ਪਹਿਲਾਂ, ਸਾਡੇ ਅਜ਼ੀਜ਼ ਭਾਈ ਲੈਨੀ ਹਲਿੰਗਰ ਨੇ ਸਾਨੂੰ ਚਰਚ ਬੁਲੇਟਨ ਦੇ ਲੇਖ ਵਿਚ ਆਪਣੇ ਨਿੱਜੀ ਵਿਸ਼ਵਾਸ ਉੱਤੇ ਇਕ ਸੰਖੇਪਵਾਕ ਲਿਖਣ ਦੀ ਚੁਣੌਤੀ ਦਿੱਤੀ ਸੀ।[3] ਤੁਸੀਂ ਸ਼ੁਰੂਆਤ ਕਿੱਥੋਂ ਕਰੋਗੇ? ਤੁਸੀਂ ਕਿਹੜੀ ਗੱਲ ਨੂੰ ਸ਼ਾਮਿਲ ਕਰੋਗੇ। ਉਸ ਨੇ ਸਾਨੂੰ ਕੁਝ ਦਿਨ ਇਸ ਗੱਲ ਉੱਤੇ ਵਿਚਾਰ ਕਰਨ ਦੀ ਚੁਣੌਤੀ ਦਿੱਤੀ। ਫਿਰ ਉਨ੍ਹਾਂ ਗੱਲਾਂ ਨੂੰ ਜਿਹੜੀਆਂ ਸਾਡੇ ਦਿਲਾਂ ਵਿਚ ਬੈਠੀਆਂ ਹੋਈਆਂ ਸਨ, ਲਿਖਣ ਨੂੰ ਕਿਹਾ। ਫਿਰ ਉਸ ਨੇ ਇਸ ਨੂੰ ਫੇਰ ਤੋਂ ਪੜ੍ਹਨ, ਗਲਤੀਆਂ ਠੀਕ ਕਰਨ ਅਤੇ

ਬਦਲਣ ਲਈ ਥੋੜ੍ਹੀ ਦੇਰ ਬਾਅਦ ਚੁੱਕ ਲੈਣ ਲਈ ਕਿਹਾ। ਬਿਨਾ ਸੁਰਗ ਦੇ, ਧਰਤੀ ਬੇਮਤਲਬ ਹੈ।

## ਸੁਰਗ ਇਕ ਥਾਂ ਹੈ-ਬਲਕਿ ਥਾਂ ਨਾਲੋਂ ਵੀ ਵੱਧ, ਇਕ ਸ਼ਖ਼ਸ ਹੈ

ਸੁਰਗ ਹੀ ਉਹ ਥਾਂ ਹੈ, ਜਿੱਥੇ ਅਨੁਭਵ ਉਮੀਦਾਂ ਉੱਤੇ ਭਾਰੂ ਹੈ। ਅਖ਼ੀਰ ਵਿਚ ਜਦ ਸਭ ਕੁਝ ਸਾਡੀਆਂ ਉਮੀਦਾਂ ਦੇ ਉਲਟ ਹੁੰਦਾ ਹੈ, ਭਾਵੇਂ ਉਹ ਸਾਡੇ ਕੰਮਕਾਜ ਹੋਣ ਜਾਂ ਸਾਡੇ ਟੀਚੇ ਵਿਚ ਸਾਡੀਆਂ ਜ਼ਿਆਦਾਤਰ ਘਟਨਾਵਾਂ ਅਤੇ ਵਿਹਲ ਅਣਸੁਖਾਵੇਂ ਹੁੰਦੇ ਹਨ। ਆਪਣੇ ਸਾਰੇ ਅੰਦਾਜ਼ੇ ਦੇ ਬਾਅਦ ਵੀ ਅਸੀਂ ਬਹੁਤ ਸਾਰੀਆਂ ਗੱਲਾਂ ਤੋਂ ਨਿਰਾਸ਼ ਹੋ ਜਾਂਦੇ ਹਾਂ। ਸੁਰਗ ਨਿਰਾਸ਼ ਨਹੀਂ ਕਰੇਗਾ! ਸਾਨੂੰ ਸੁਰਗ ਨੂੰ ਘੱਟ ਨਹੀਂ ਮੰਨਣਾ ਚਾਹੀਦਾ। ਉਹ ਸੁਰਗੀ ਛੁੱਟੀ ਤੇ ਜਾਣ ਨਾਲੋਂ ਵਧ ਕੇ ਹੈ। ਸੁਰਗ ਵਿਚ ਮੁੱਖ ਸੇਵਕਾਈ ਬੰਦਗੀ ਦੀ ਹੈ। ਧਰਤੀ ਦੀ ਕੋਈ ਵੀ ਗੱਲ ਢੁਕਵੇਂ ਤੌਰ ਤੇ ਸੁਰਗ ਦੀ ਵਡਿਆਈ ਦੀ ਨੁਮਇੰਦਗੀ ਨਹੀਂ ਕਰ ਸਕਦੀ। ਕੁਝ ਲੋਕ ਸੁਰਗ ਦੇ ਖ਼ੁਦਾ ਨਾਲੋਂ ਸੁਰਗ ਦੇ ''ਸੋਨੇ'' ਦੀ ਚਾਹ ਵੱਧ ਕਰਦੇ ਹਨ! ਸੋਨੇ ਦੀਆਂ ਗਲੀਆਂ ਦੀ ਵਿਹਾਰਕ ਵਰਤੋਂ ਕੀ ਹੋਵੇਗੀ? ਖ਼ੁਦਾ ਸਾਨੂੰ ਇਹੀ ਦੱਸ ਰਿਹਾ ਹੈ ਕਿ ਜੋ ਕੁਝ ਮਨੁੱਖ ਲਈ ਬੜਾ ਕੀਮਤੀ ਹੈ, ਉਸ ਨੂੰ ਸੁਰਗ ਵਿਚ ਸੜਕ ਉੱਤੇ ਪਾਉਣ ਵਾਲੀ ਲੁੱਕ ਮੰਨਿਆ ਜਾਂਦਾ ਹੈ। ਮੋਤੀਆਂ ਦੇ ਫ਼ਾਟਕ ਅਤੇ ਕੀਮਤੀ ਪੱਥਰਾਂ ਨਾਲ ਬਣੀਆਂ ਨੀਂਹਾਂ ਦਾ ਕੀ ਮਤਲਬ ਹੈ? ਸਾਡੇ ਸਭ ਤੋਂ ਵੱਧ ਕੀਮਤੀ ਮੋਤੀਆਂ ਦੀ ਵਰਤੋਂ ਸੁਰਗ ਵਿਚ ਕੰਧਾਂ ਅਤੇ ਫ਼ਾਟਕਾਂ ਲਈ ਹੁੰਦੀ ਹੈ। ਮਨੁੱਖ ਇਸ ਦੀ ਵਡਿਆਈ ਦੀ ਕਲਪਨਾ ਨਹੀਂ ਕਰ ਸਕਦਾ। ਇਹ ਖ਼ੂਬਸੂਰਤ, ਸ਼ਾਂਤ ਅਤੇ ਜ਼ਬਰਦਸਤ ਹੋਵੇਗਾ! ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਕਿਸ ਦੀ ਰਾਹ ਤੱਕ ਰਹੇ ਹਾਂ ਭਾਵ ਸਾਨੂੰ ਅਸਲ ਵਿਚ ਇਸ ਉੱਤੇ ਧਿਆਨ ਲਾਉਣਾ ਜ਼ਰੂਰੀ ਹੈ। ਇਹ ਧਰਤੀ ਸਾਡਾ ਦੇਸ਼ ਨਹੀਂ ਹੈ। ਸਾਨੂੰ ਰੋਜ਼ ਯਾਦ ਰੱਖਣਾ ਲਾਜ਼ਮੀ ਹੈ ਕਿ ਅਸੀਂ ਧਰਤੀ ਉੱਤੇ ਮੁਸਾਫ਼ਰ, ਅਜਨਬੀ, ਪਰਦੇਸੀ ਅਤੇ ਓਪਰੇ ਹਾਂ।

ਥਾਂ ਨਾਲੋਂ ਵੀ ਵੱਧ ਸੁਰਗ ਇਕ ਵਜੂਦ ਹੈ। ਸੁਰਗ ਦੀ ਵਡਿਆਈ ਖ਼ੁਦਾ ਦੀ ਮੌਜੂਦਗੀ ਹੈ। ਧਰਤੀ ਦਾ ਮਨੁੱਖ ਖ਼ੁਦਾ ਨੂੰ ਵੇਖ ਲੈਣ ਤੇ ਜ਼ਿੰਦਾ ਨਹੀਂ ਰਹਿ ਸਕਦਾ। ਸੁਰਗ ਵਿਚ ਅਸੀਂ ਖ਼ੁਦਾ ਨੂੰ ਵੇਖਾਂਗੇ ਅਤੇ ਖ਼ੁਦਾ ਦੇ ਨਾਲ ਰਹਾਂਗੇ, ਇਸ ਸਭ ਦੇ ਬਾਵਜੂਦ ਜ਼ਿੰਦਾ ਰਹਾਂਗੇ। ਸੁਰਗ ਦਾ ਵੱਡਾ ਸਨਾਤਨ ਪਰਮੇਸ਼ੁਰ ਭਾਵ ਸਰਬਸ਼ਕਤੀਮਾਨ, ਅਸੀਮ, ਬੇਅੰਤ, ਅਨਾਦੀ, ਸਰਬ ਸ਼ਕਤੀ ਦੇ ਮਾਲਕ, ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਨਾਲ ਮਿਲੇਗਾ! ਅਸੀਂ ਉਸ ਦੇ ਲੋਕਾਂ ਦੇ ਨਾਲ ਹੋਵਾਂਗੇ ਭਾਵ ਉਹ ਸਾਡਾ ਖ਼ੁਦਾ ਹੋਵੇਗਾ (ਪ੍ਰਕਾਸ਼ ਦੀ ਪੋਥੀ 21:1–3)।

ਥਾਂ ਨਾਲੋਂ ਵਧ ਕੇ ਸੁਰਗ ਇਕ ਸ਼ਖ਼ਸ ਹੈ। ਮੇਰਾ ਪ੍ਰਭੂ ਉੱਥੇ ਹੀ ਹੋਵੇਗਾ। ਉੱਥੇ ਕੋਈ ਹੈਕਲ ਨਹੀਂ ਹੋਵੇਗੀ ਕਿਉਂਕਿ ਖ਼ੁਦਾ ਅਤੇ ਲੇਲਾ ਹੀ ਹੈਕਲ ਹਨ (ਪ੍ਰਕਾਸ਼ ਦੀ ਪੋਥੀ 21:22)। ਲੇਲਾ ਚਾਨਣ ਵੀ ਹੈ (ਪ੍ਰਕਾਸ਼ ਦੀ ਪੋਥੀ 21:23; KJV)। ਕਿਸੇ ਨੇ ਮੁਲਾਂਕਣ ਕੀਤਾ ਹੈ, ''ਸੁਰਗ ਵਿਚ ਮਨੁੱਖ ਦੇ ਬਣਾਏ ਸਿਰਫ਼ ਯਿਸੂ ਦੇ ਨਿਸ਼ਾਨ ਹੀ ਹੋਣਗੇ।'' ਦੇਹਧਾਰੀ ਹੋ ਕੇ, ਯਿਸੂ ਨੇ ਮਨੁੱਖ ਵਿਚ ਮੇਲ ਕਰ ਲਿਆ (ਯੂਹੰਨਾ 1:14; ਇਬਰਾਨੀਆਂ 2:16–18; 4:14–16)। ਯਿਸੂ ਸੁਰਗ ਵਿਚ ਉਵੇਂ ਦਾ ਵਾਪਸ ਨਹੀਂ ਗਿਆ ਜਿਹੋ ਜਿਹਾ ਉਹ ਧਰਤੀ ਉੱਤੇ ਆਉਣ ਤੋਂ ਪਹਿਲਾਂ ਸੀ। ਉਹ ਜੀ ਉੱਠਿਆ ਸੀ। ਵਾਪਸ ਆਪਣੇ ਰੂਪ ਵਿਚ ਨਹੀਂ ਆਇਆ ਸੀ। ਜੇ ਯਿਸੂ ਉਵੇਂ ਹੀ ਪਰਤ ਗਿਆ ਹੁੰਦਾ, ਜਿਵੇਂ ਉਹ ਛੱਡ ਕੇ ਆਇਆ ਸੀ, ਤਾਂ ਮਨੁੱਖ ਜਾਤੀ ਲਈ ਕੋਈ ਉਮੀਦ ਨਹੀਂ ਹੋਣੀ ਸੀ। ਦੇਹਧਾਰੀ ਹੋਣ ਵਿਚ ਯਿਸੂ ਨੇ ਅਨਾਦੀਕਾਲ ਲਈ ਮਨੁੱਖ ਜਾਤੀ ਨਾਲ ਸਬੰਧ ਬਣਾ ਲਿਆ। ਉਸ ਦੇ ਜੀ ਉੱਠਣ ਕਰਕੇ ਸਾਡੇ ਜੀ ਉੱਠਣ ਦੀ ਦਲੇਰੀ ਦਿੱਤੀ ਗਈ ਹੈ (ਯੂਹੰਨਾ 11:25, 26; ਰੋਮੀਆਂ 6:5; ਰਸੂਲਾਂ ਦੇ ਕੰਮ 2:32; 1 ਪਤਰਸ 1:3; 1 ਕੁਰਿੰਥੀਆਂ 15:1–3, 14, 17, 19, 20–23; ਰੋਮੀਆਂ 8:23)।

ਮਨੁੱਖ ਨੂੰ ਖ਼ੁਦਾ ਨੇ ਸੁਰਗ ਵਾਸਤੇ ਬਣਾਇਆ ਸੀ। ਸੁਰਗ ਘਰ ਹੈ! ਭਾਵੇਂ ਅਸੀਂ ਇੱਥੋਂ ਦੇ ਨਹੀਂ ਹਾਂ ਪਰ ਧਰਤੀ ਹੀ ਉਹ ਥਾਂ ਹੈ ਜਿੱਥੇ ਮਸੀਹੀ ਜ਼ਿੰਦਗੀ ਹੰਢਾਈ ਜਾਂਦੀ ਹੈ ਤਦੇ ਹੀ ਅਸੀਂ ਸੁਰਗ ਨੂੰ

ਜਾ ਸਕਦੇ ਹਾਂ ਜਾਂ ਗੁਆ ਸਕਦੇ ਹਾਂ। ਜੇ ਸਾਡੇ ਕੋਲ ਅਜੇ ਜ਼ਿੰਦਗੀ ਨਹੀਂ ਹੈ ਤਾਂ ਇਸ ਦੇ ਬਾਅਦ ਕਦੇ ਜ਼ਿੰਦਗੀ ਨਹੀਂ ਹੋ ਸਕਦੀ। ਖ਼ੁਦਾ ਸਾਨੂੰ ਉਸ ਲਈ ਤਿਆਰ ਕਰ ਰਿਹਾ ਹੈ, ਜਿਸ ਨੂੰ ਉਹ ਸਾਡੇ *ਲਈ* ਤਿਆਰ ਕਰ ਰਿਹਾ ਹੈ। ਜ਼ਿੰਦਗੀ ਦੇ ਆਪਣੇ ਚਰਣ ਵਿਚ ਮੈਂ ਸੁਰਗ ਵਿਚ ਐਨਾ ਜਮ੍ਹਾਂ ਕਰ ਲਿਆ ਹੈ ਕਿ ਉਸ ਨੂੰ ਗੁਆਉਣ ਦਾ ਸਵਾਲ ਹੀ ਨਹੀਂ। ਬਚਪਨ ਤੋਂ ਹੀ ਬਾਈਬਲ ਦੇ ਆਪਣੇ ਪਿਆਰੇ ਨਾਇਕਾਂ ਨੂੰ ਮਿਲਣ ਦੀ ਮੇਰੀ ਬੜੀ ਇੱਛਾ ਹੈ। ਮੇਰੀ ਇਹ ਇੱਛਾ ਅੱਜ ਵੀ ਉਵੇਂ ਹੀ ਹੈ। ਸਦੀਆਂ ਤੋਂ ਮਹਾਨ ਸੰਤਾਂ ਨੇ ਮੈਨੂੰ ਧਰਤੀ ਉੱਤੇ ਬਰਕਤ ਦਿੱਤੀ ਹੈ। ਰੋਜ਼ ਰੋਜ਼ ਮਰ ਕੇ, ਮੇਰਾ ਨਿਵੇਸ਼ ਵਧਦਾ ਜਾ ਰਿਹਾ ਹੈ। ਮੈਂ ਘਰ ਜਾਣਾ ਚਾਹੁੰਦਾ ਹਾਂ! ਕਿੰਨਾ ਵਧੀਆ ਮੁੜ ਮਿਲਣ ਹੋਵੇਗਾ!

ਭਲਾ ਸੁਰਗ ਵਿਚ ਅਸੀਂ ਇਕ ਦੂਜੇ ਨੂੰ ਪਛਾਣ ਲਵਾਂਗੇ? *ਹਾਂ!* ਅਸੀਂ ਇਕ ਦੂਜੇ ਨੂੰ ਕਿਵੇਂ ਜਾਣ ਸਕਾਂਗੇ। ਅਸੀਂ ਉੱਥੇ ਗਿਣਤੀ ਵਿਚ ਹੀ ਨਹੀਂ ਹੋਵਾਂਗੇ! ਜੇ ਕੋਈ ਇਕ ਦੂਜੇ ਨੂੰ ਨਾ ਜਾਣਦਾ ਹੋਵੇ ਤਾਂ ਸੁਰਗ ਤਾਂ ਚਿੜੀਆਘਰ ਵਰਗਾ ਹੋ ਜਾਵੇਗਾ! ''ਤੁਸੀਂ ਕੌਣ ਹੋ?'' ''ਪਤਾ ਨਹੀਂ।'' ਜੇ ਤੁਸੀਂ ਇਕ ਦੂਜੇ ਨੂੰ ਨਹੀਂ ਜਾਣਦੇ ਤਾਂ ਆਪਣੇ ਆਪ ਨੂੰ ਵੀ ਨਹੀਂ ਜਾਣ ਸਕਦੇ! ਸ਼ੁਰੂ ਤੋਂ ਹੀ ਖ਼ੁਦਾ ਨੇ ਮਨੁੱਖ ਅਤੇ ਹਰ ਚੀਜ਼ ਦਾ ਨਾਂਅ ਰੱਖਿਆ ਹੈ। ਪਰਮੇਸ਼ੁਰ ਪਿਤਾ ਹੈ ਜਦਕਿ ਯਿਸੂ ਪੁੱਤਰ ਹੈ। ਫ਼ਰਿਸ਼ਤਿਆਂ ਦੇ ਨਾਂਅ ਹਨ। ਯਿਸੂ ਨੂੰ ਮੂਸਾ ਅਤੇ ਏਲੀਯਾਹ ਨੇ ਪਛਾਣ ਲਿਆ ਸੀ (ਮੱਤੀ 17:3–5)। ਅਸੀਂ ਆਪਣੇ ਆਪ ਤੋਂ ਭੱਜ ਨਹੀਂ ਸਕਦੇ। ਮੈਂ ਹੌਜ ਹੀ ਰਹਾਂਗਾ। ਹਕੀਕਤ ਇਹੀ ਹੈ ਕਿ ਜਦ ਤਕ ਅਸੀਂ ਸੁਰਗ ਵਿਚ ਨਹੀਂ ਜਾਂਦੇ ਤਦ ਤਕ ਅਸੀਂ ਨਾ ਤਾਂ ਅਸਲ ਵਿਚ ਆਪਣੇ ਆਪ ਨੂੰ ਅਤੇ ਨਾ ਦੂਜਿਆਂ ਨੂੰ ਜਾਣ ਸਕਾਂਗੇ!

## ਸੁਰਗ ਮੈਂ ਹੈ

ਸੁਰਗ ਇਕ ਥਾਂ ਹੀ ਨਹੀਂ, ਜਿਵੇਂ ਅਸੀਂ ਵੇਖਿਆ ਹੈ, ਇਹ ਉਹ ਹੈ ਜੋ ਅਸੀਂ ਹੋਵਾਂਗੇ। ਮੈਂ ਥੱਕ ਗਿਆ ਹਾਂ। ਅਠਾਹਠ ਸਾਲਾਂ ਤਕ ਮੈਂ ਆਪਣੇ ਆਪ ਨੂੰ ਪੇਸ਼ ਕੀਤਾ ਹੈ। ਮੈਂ ਹਰ ਰੋਜ਼ ਪਾਪ ਕਰਦਾ ਅਤੇ ਫ਼ਜ਼ਲ ਤੋਂ ਡਿੱਗਦਾ ਹਾਂ। ''ਆਤਮਾ ਤਾਂ ਤਿਆਰ ਹੈ, ਪਰ ਸਰੀਰ ਕਮਜ਼ੋਰ ਹੈ'' (ਮੱਤੀ 26:41)। ਮੈਂ ਥੱਕਣ ਤੋਂ ਤੰਗ ਆ ਚੁੱਕਾ ਹਾਂ। ਮੈਂ ਯਿਸੂ ਵਰਗਾ ਬਣਨ ਦੀ ਬੜੀ ਕੋਸ਼ਿਸ਼ ਕਰਦਾ ਹਾਂ, ਪਰ ਫਿਰ ਵੀ ਬੜੀ ਬੁਰੀ ਤਰ੍ਹਾਂ ਨਾਕਾਮ ਹੋ ਜਾਂਦਾ ਹਾਂ। ਸੁਰਗ ਵਿਚ ਇਹ ਸਭ ਨਹੀਂ ਹੋਵੇਗਾ, ਕਿਉਂਕਿ ਸੁਰਗ *ਮੈਨੂੰ* ਬਦਲ ਦੇਵੇਗਾ! *ਹੈਲੇਲੂਈਆ!* '' ... ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹਨੂੰ ਵੇਖਾਂਗੇ'' (1 ਯੂਹੰਨਾ 3:2)। *ਸਾਰਾ ਜਲਾਲ ਖ਼ੁਦਾ ਨੂੰ ਮਿਲੇ!*

> ਸੁਰਗ ਵਿਚ ਸਾਡੇ ਪਹੁੰਚਣ ਤੋਂ ਪਹਿਲਾਂ ਸੁਰਗ ਸਾਡੇ ਅੰਦਰ ਪਹੁੰਚਦਾ ਹੈ।
> ਵਿਸ਼ਵਾਸੀ ਦੇ ਸੁਰਗ ਵਿਚ ਜਾਣ ਤੋਂ ਪਹਿਲਾਂ ਸੁਰਗ ਵਿਸ਼ਵਾਸੀ ਦੇ ਅੰਦਰ ਆ ਜਾਂਦਾ ਹੈ।
> ਮੈਂ ਯਿਸੂ ਨਹੀਂ ਬਣ ਜਾਵਾਂਗਾ, ਪਰ ਮੈਂ ਉਹਦੇ ਵਰਗਾ ਹੋਵਾਂਗਾ।

### *ਆਓ, ਮੇਰੇ ਨਾਲ ਚੱਲੋ।*

---

ਟਿੱਪਣੀਆਂ

[1]ਵਿਲੀਅਮ ਕੌਪਰ, ''ਗੌਡ ਮੂਵਜ਼ ਇਨ ਏ ਮਿਸਟੀਰੀਅਸ ਵੇਅ,'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼,* ਕਲਮਬੱਧ ਅਤੇ ਸੰਪਾ. (ਆਲਟਰ ਐੱਚ. ਹੋਵਰਡ (ਵੈਸਟ ਮੋਨਰੋ, ਲੁਈਸਿਆਨਾ: ਹੋਵਰਡ ਪਬਲਿਸ਼ਿੰਗ ਕੰ., 1994)। [2]ਰਿਚਰਡ ਐਨ. ਓਸਟਲਿੰਗ ਐਟ ਅਲ., ''ਡਜ਼ ਹੈਵਨ ਐਗਜ਼ਿਸਟ?'' *ਟਾਈਮ* (24 ਮਾਰਚ 1997), 70–78. [3]ਲੈਨੀ ਹੈਨਿੰਗਰ, ''ਰਿਫ਼ਲੈਕਸ਼ੰਜ਼,'' *ਆਊਟਰੀਚ,* ਯੂਨੀਵਰਸਿਟੀ ਐਵੀਨਿਊ ਚਰਚ ਆਫ਼ ਕ੍ਰਾਈਸਟ, ਆਸਟਿਨ, ਟੈਕਸਸ (28 ਅਕਤੂਬਰ 1990)।